ਮਾਡਲ ਟੈਸਟ ਪੇਪਰ

ਸ਼੍ਰੇਣੀ - ਬਾਰ੍ਹਵੀਂ

ਵਿਸ਼ਾ - ਸੰਗੀਤ (ਵਾਦਨ)

ਸੈਸ਼ਨ - 2023-2024

ਕੁਲ ਅੰਕ – 45

ਸਮਾਂ - 3 ਘੰਟੇ

ਭਾਗ – ੳ

1 ਤੋਂ 10 ਤੱਕ ਵਸਤੂਨਿਸ਼ਠ ਪ੍ਰਸ਼ਨ, 11 ਤੋਂ 15 ਖਾਲੀ ਥਾਵਾਂ, 16 ਤੋਂ 19 ਤੱਕ ਸਹੀ/ਗ਼ਲਤ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰ ਪ੍ਰਸ਼ਨ 1 ਅੰਕ ਦਾ ਹੋਵੇਗਾ।

(ਕ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਹਾਰਮੋਨੀਅਮ ਕਿੱਦਾਂ ਵਜਾਇਆ ਜਾਂਦਾ ਹੈ?

2. ਥਾਟ ਦਾ ਕੋਈ ਇੱਕ ਨਿਯਮ ਲਿਖੋ।

3. ਵਰਣ ਕਿੰਨੇ ਮੰਨੇ ਗਏ ਹਨ?

2. ਤਬਲੇ ਦੇ ਕਿੰਨੇ ਭਾਗ ਹੁੰਦੇ ਹਨ?

3. ਥਾਟ ਕਿੰਨੇ ਹੁੰਦੇ ਹਨ?

4. ਆਧੁਨਿਕ ਸਿਤਾਰ ਵਾਦਕ ਦਾ ਨਾਮ ਲਿਖੋ।

5. ਪੰ. ਵਿਸ਼ਨੂੰ ਨਰਾਇਣ ਭਾਤਖੰਡੇ ਜੀ ਦੀ ਕਿਸੀ ਇੱਕ ਪੁਸਤਕ ਦਾ ਨਾਮ ਲਿਖੋ?

6. ਬੜੇ ਗ਼ੁਲਾਮ ਅਲੀ ਖਾਨ ਸਾਹਿਬ ਜੀ ਕਿਸ ਘਰਾਨੇ ਦੇ ਸਨ?

7. ਰਾਗ ਭੈਰਵ ਦਾ ਵਾਦੀ ਸ੍ਵਰ ਕੀ ਹੈ?

8. ਮਾਲਕੋਂਸ ਕਿੰਨੇ ਸ੍ਵਰਾਂ ਦਾ ਰਾਗ ਹੈ?

9. ਸੂਲਤਾਲ ਦੀਆਂ ਮਾਤਰਾਵਾਂ ਦੱਸੋ?

10. ਰੂਪਕ ਤਾਲ ਦੇ ਵਿਭਾਗ ਦੱਸੋ? (10X1=10)

(ਖ) ਖਾਲੀ ਥਾਵਾਂ

11. ਦਰੁੱਤ ਖਿਆਲ ਦੀ ਪ੍ਰਕਿਰਤੀ ______ ਹੁੰਦੀ ਹੈ।

12. ਵਿਲੰਬਿਤ ਖਿਆਲ ਨੂੰ ________ ਖਿਆਲ ਵੀ ਕਹਿੰਦੇ ਹਨ।

13. ਸੱਜੇ ਤਬਲੇ ਨੂੰ ________ ਵੀ ਕਹਿੰਦੇ ਹਨ।

14. ਝੱਪਤਾਲ ________ ਮਾਤਰਾਵਾਂ ਦੀ ਤਾਲ ਹੈ।

15. ਧਮਾਰ ਤਾਲ ਦੀ ਖਾਲੀ ਮਾਤਰਾ _______ ਹੈ। (5x1=5)

(ਗ) ਸਹੀ/ਗ਼ਲਤ

16. ਹਾਰਮੋਨੀਅਮ ਵਿੱਚ ਹਵਾ ਚਾਬੀਆਂ ਤੋਂ ਭਰਦੇ ਹਨ।

17. ਸਿਆਹੀ ਦਾ ਰੰਗ ਕਾਲਾ ਹੁੰਦਾ ਹੈ।

18. ਰੂਪਕ ਤਾਲ ਨੂੰ ਪੰਜਾਬੀ ਤਾਲ ਵੀ ਕਿਹਾ ਜਾਂਦਾ ਹੈ।

19. ਝੱਪਤਾਲ ਸ਼ਾਸਤਰੀ ਤਾਲ ਨਹੀਂ ਹੈ। (4x1=4)

ਭਾਗ - ਅ

20 ਤੋਂ 27 ਤੱਕ 8 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰ ਪ੍ਰਸ਼ਨ 2 ਅੰਕ ਦਾ ਹੋਵੇਗਾ।

20. ਵਰਨ ਬਾਰੇ ਲਿਖੋ।

21. ਕਣ ਬਾਰੇ ਸੰਖੇਪ ਵਿੱਚ ਲਿਖੋ।

22. ਮੀਂਡ ਬਾਰੇ ਸੰਖੇਪ ਵਿੱਚ ਲਿਖੋ।

23. ਵਾਦਕ ਦੇ ਕੋਈ ਦੋ ਗੁਣ ਲਿਖੋ।

24. ਵਾਦਕ ਦੇ ਕੋਈ ਦੋ ਔਗੁਣ ਲਿਖੋ।

25. ਰਾਗ ਭੈਰਵ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਲਿਖੋ।

26. ਰਾਗ ਮਾਲਕੌਂਸ ਦਾ ਪਰਿਚੈ ਲਿਖੋ।

27. ਰਾਗ ਖਮਾਜ ਦਾ ਪਰਿਚੈ ਲਿਖੋ। (8X2=16)

ਭਾਗ – ੲ

28 ਤੋਂ 29 ਤੱਕ 2 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ। ਇਨ੍ਹਾਂ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ ਦਿੱਤੀ ਜਾਵੇਗੀ। ਹਰ ਪ੍ਰਸ਼ਨ 5 ਅੰਕ ਦਾ ਹੋਵੇਗਾ।

28. ਸੰਗੀਤ ਦਾ ਤਾਲ ਨਾਲ ਕੀ ਸੰਬੰਧ ਹੈ, ਇਸ ਬਾਰੇ ਸੰਖੇਪ ਵਿੱਚ ਲਿਖੋ।

ਜਾਂ

ਅਲਾਉਦੀਨ ਖਾਨ ਸਾਹਿਬ ਜੀ ਦਾ ਜੀਵਨ ਪਰਿਚੈ ਲਿਖੋ।

29. ਤਾਲ ਰੂਪਕ ਨੂੰ ਇੱਕਗੁਣ ਅਤੇ ਦੁਗੁਣ ਵਿੱਚ ਲਿਖੋ।

ਜਾਂ

ਰਾਗ ਮਾਲਕੌਂਸ ਵਿੱਚ ਮਸੀਤਖਾਨੀ ਗਤ ਦੀ ਸੁਰਲਿਪੀ ਲਿਖੋ। (2X5=10)